# ਦਫਤਰ ਉਪ ਮੰਡਲ ਮੈਜਿਸਟਰੇਟ,ਫਰੀਦਕੋਟ
# ਜਿਲ੍ਹਾ ਫਰੀਦਕੋਟ।


Email fdksdm@gmail.com
ਦਫਤਰ ਐਸ.ਡੀ.ਐਮ ਫਰੀਦਕੋਟ, ਦੂਜੀ ਮੰਜਿਲ, ਜਿਲਾ ਪ੍ਰਬੰਧਕੀ ਕੰਪਲੈਕਸ,ਫਰੀਦਕੋਟ


---

ਹੁਕਮ ਨੰ: ਮਿਤੀ:

ਮਾਨਯੋਗ ਡਿਪਟੀ ਕਮਿਸ਼ਨਰ ਫਰੀਦਕੋਟ ਜੀ ਦੇ ਹੁਕਮ ਨੰ: 212/ਫਸ ਮਿਤੀ: 23-03-2020, ਪਿੰਠ ਅੰ:ਨੰ: 1587/ਫਸ ਮਿਤੀ: 23-03-2020 ਰਾਹੀ ਕਰੋਨਾ ਵਾਇਰਸ ਦੇ ਬਚਾਅ ਲਈ ਜਿਲ੍ਹਾ ਫਰੀਦਕੋਟ ਅੰਦਰ ਅਗਲੇ ਹੁਕਮਾਂ ਤੱਕ ਕਰਫਿਊ ਲਗਾਇਆ ਗਿਆ ਹੈ।

ਇਸ ਦਫਤਰ ਪਾਸ ਉਪ ਮੰਡਲ ਇੰਜੀਨੀਅਰ, ਪੰਜਾਸ ਵ/ਸ ਅਤੇ ਸੀਵਰੇਜ਼ ਉਪ-ਮੰਡਲ, ਕੋਟਕਪੂਰਾ, ਵੱਲੋਂ ਆਪਣੇ ਦਫਤਰ ਦੇ ਪੱਤਰ ਨੰ: 276 ਮਿਤੀ: 01-05-2020 ਰਾਹੀ ਧਿਆਨ ਵਿੱਚ ਲਿਆਦਾ ਹੈ ਕਿ ਫਰੀਦਕੋਟ ਸਹਿਰ ਵਿੱਚ 100% ਸੀਵਰੇਜ਼ ਅਤੇ ਇੰਟਰਲੋਕਿੰਗ ਟਾਇਲ ਦਾ ਕੰਮ ਕਰਵਾਇਆ ਜਾਣਾ ਹੈ।

ਪੰਜਾਬ ਸਰਕਾਰ ਦੀਆ ਹਦਾਇਤਾ ਅਤੇ ਮਾਨਯੋਗ ਡਿਪਟੀ ਕਮਿਸ਼ਨਰ, ਫਰੀਦਕੋਟ ਜੀ ਵੱਲੋਂ ਜਾਰੀ ਹੋਏ ਹੁਕਮ:384/ਫਸ ਮਿਤੀ: 30-04-2020 ਪਿੰਠ:ਅੰ:ਨੰ:2355/ਐਸ.ਏ.ਐਮ.ਸੀ-2 ਮਿਤੀ: 30-04-2020 ਰਾਹੀ ਸ਼ਹਿਰੀ ਖੇਤਰਾਂ ਵਿੱਚ ਚੱਲ ਰਹੇ ਨਿਰਮਾਣ ਨੂੰ ਜਾਰੀ ਰੱਖਣ ਅਤੇ ਲੋੜ ਪੈਣ ਤੇ ਮੰਨਜੂਰੀ ਦੇਣ ਸਬੰਧੀ ਉਪ ਮੰਡਲ ਮੈਜਿਸਟਰੇਟ, ਫਰੀਦਕੋਟ ਨੂੰ ਅਧਿਕਾਰਿਤ ਕੀਤਾ ਗਿਆ ਹੈ।

ਇਸ ਲਈ ਮੈ ਸ੍ਰੀ ਪਰਮਦੀਪ ਸਿੰਘ (ਪੀ.ਸੀ.ਐਸ) ਉਪ ਮੰਡਲ ਮੈਜਿਸਟਰੇਟ, ਫਰੀਦਕੋਟ ਉਕਤ ਹੁਕਮਾਂ ਰਾਹੀ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਉਪ ਮੰਡਲ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਉਪ-ਮੰਡਲ, ਕੋਟਕਪੂਰਾ ਨੂੰ ਫਰੀਦਕੋਟ ਸ਼ਹਿਰ ਅੰਦਰ ਸੀਵਰੇਜ਼ ਦਾ ਕੰਮ ਚਾਲੂ ਕਰਵਾਉਣ ਲਈ ਪ੍ਰਵਾਨਗੀ ਹੇਠ ਲਿਖਿਆ ਸ਼ਰਤਾ ਦੇ ਆਧਾਰ ਤੇ ਦਿੱਤਾ ਹਾਂ:-

01. ਸੀਵਰੇਜ਼ ਦਾ ਕੰਮ ਕਰਨ ਸਮੇਂ ਠੇਕੇਦਾਰ ਨਿਰਧਾਰਿਤ ਕਰੇਗਾ ਕਿ ਉਕਤ ਹੁਕਮਾਂ ਅਨੁਸਾਰ ਕਰਫਿਊ ਹੁਕਮਾਂ ਦੀ ਉਲੰਘਣਾਂ ਤਾ ਨਹੀ ਹੋ ਰਹੀ।
02. ਸੀਵਰੇਜ਼ ਦਾ ਕੰਮ ਕਰਦੇ ਸਮੇ ਲੇਬਰ ਵੱਲੋਂ ਸੋਸਲ ਡਿਸਟੈਸ(ਆਪਸੀ ਦੂਰੀ ਘੱਟ ਤੋਂ ਘੱਟ 2 ਮੀਟਰ) ਬਣਾ ਕੇ ਰੱਖੀ ਜਾਵੇ।
03. ਸੀਵਰੇਜ਼ ਦਾ ਕੰਮ ਕਰਦੇ ਹੋਏ ਘੱਟ ਤੋਂ ਘੱਟ ਲੇਬਰ (ਜਰੂਰਤ ਅਨੁਸਾਰ) ਹੀ ਲਗਾਈ ਜਾਵੇ।
04. ਸੀਵਰੇਜ਼ ਦੇ ਚੱਲ ਰਹੇ ਕੰਮ ਵਾਲੀ ਸਾਈਡ ਤੇ ਸੈਨੇਟਾਈਜ਼ਰ ਅਤੇ ਮਾਸਕ ਦਾ ਪੂਰਾ ਪ੍ਰਬੰਧ ਠੇਕੇਦਾਰ ਕਰੇਗਾ
05. ਨਿਰਮਾਣ ਕਾਰਜ/ਸੀਵਰੇਜ਼ ਦੀ ਉਸਾਰੀ ਅਧੀਨ ਕੰਮ ਕਰ ਰਹੇ ਮਜਦੂਰਾਂ ਦੇ ਖਾਣ, ਪੀਣ ਅਤੇ ਰਹਿਣ ਦਾ ਪ੍ਰਬੰਧ ਠੇਕੇਦਾਰ ਕਰੇਗਾ ਅਤੇ ਮਜਦੂਰਾ ਦੀ ਸਵੱਛਤਾ ਦਾ ਖਾਸ ਧਿਆਨ ਰੱਖਿਆ ਜਾਵੇਗਾ।
06. ਠੇਕੇਦਾਰ ਵੱਲੋਂ ਭਾਰਤ ਸਰਕਾਰ/ਪੰਜਾਬ ਸਰਕਾਰ ਅਤੇ ਮਾਨਯੋਗ ਡਿਪਟੀ ਕਮਿਸ਼ਨਰ ਫਰੀਦਕੋਟ ਜੀ ਵੱਲੋਂ ਸਮੇ-ਸਮੇ ਤੇ ਜਾਰੀ ਹੋਈਆ ਹਦਾਇਤਾ ਦੀ ਪਾਲਣਾ ਇੰਨ ਬਿੰਨ ਯਕੀਨੀ ਬਣਾਈ ਜਾਵੇ।

ਨੋਟ: ਜੇਕਰ ਕਿਸੇ ਵੀ ਸਮੇਂ ਉਕਤ ਹਦਾਇਤਾ ਦੀ ਉਲੰਘਣਾਂ ਪਾਈ ਜਾਦੀ ਹੈ ਤਾ ਬਿਨਾਂ ਨੋਟਿਸ ਦਿੱਤੇ ਇਹ ਪ੍ਰਵਾਨਗੀ ਰੱਦ ਕਰ ਦਿੱਤੀ ਜਾਵੇਗੀ ਅਤੇ ਇਹਨਾਂ ਹਦਾਇਤਾ ਦੀ ਪਾਲਣਾ ਕਰਵਾਉਣਾਂ ਉਪ ਮੰਡਲ ਇੰਜੀਨੀਅਰ, ਪੰਜਾਸ ਵ/ਸ ਅਤੇ ਸੀਵਰੇਜ਼ ਉਪ-ਮੰਡਲ, ਕੋਟਕਪੂਰਾ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

ਇਹ ਹੁਕਮ ਤੁਰੰਤ ਜਾਰੀ ਕੀਤੇ ਜਾਣ।

ਮਿਤੀ: 02-05-2020

(ਪਰਮਦੀਪ ਸਿੰਘ), ਪੀ.ਸੀ.ਐਸ,
ਉਪ ਮੰਡਲ ਮੈਜਿਸਟਰੇਟ, ਫਰੀਦਕੋਟ।

ਪਿੰ:ਅੰ:ਨੰ: 438-42 /ਐਸ.ਡੀ.ਸੀ-1 ਮਿਤੀ: 02-05-2020

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਧਿਕਾਰੀਆਂ ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

01. ਮਾਨਯੋਗ ਡਿਪਟੀ ਕਮਿਸ਼ਨਰ, ਫਰੀਦਕੋਟ ਜੀ।
02. ਉਪ ਪੁਲਿਸ ਕਪਤਾਨ ਫਰੀਦਕੋਟ।
03. ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ।
04. ਲੇਬਰ ਇੰਸਪੈਕਟਰ, ਫਰੀਦਕੋਟ ਪਾਸ ਭੇਜਕੇ ਲਿਖਿਆ ਜਾਦਾ ਹੈ ਕਿ ਸਮੇ-ਸਮੇ ਪਰ ਮੌਕਾ ਪਰ ਜਾ ਕੇ ਵੇਖਿਆ ਜਾਵੇ ਕਿ ਹਦਾਇਤਾ ਦੀ ਪਾਲਣਾ ਕੀਤੀ ਜਾ ਰਹੀ ਹੈ ਕਿ ਨਹੀ ਜੇਕਰ ਕੋਈ ਅਣਗਿਹਲੀ ਪਾਈ ਜਾ ਰਹੀ ਹੈ ਤਾ ਤੁਰੰਤ ਇਸ ਦਫਤਰ ਦੇ ਧਿਆਨ ਵਿੱਚ ਲਿਆਦਾ ਜਾਵੇ।
05. ਉਪ ਮੰਡਲ ਇੰਜੀਨੀਅਰ, ਪੰਜਾਸ ਵ/ਸ ਅਤੇ ਸੀਵਰੇਜ਼ ਉਪ-ਮੰਡਲ, ਕੋਟਕਪੂਰਾ, ਪਾਸ ਉਕਤ ਅਨੁਸਾਰ ਹਦਾਇਤਾ ਦੀ ਪਾਲਣਾ ਕਰਨ ਹਿੱਤ ਭੇਜਿਆ ਜਾਦਾ ਹੈ।

ਉਪ ਮੰਡਲ ਮੈਜਿਸਟਰੇਟ,
ਫਰੀਦਕੋਟ।

Scanned with CamScanner